# ਪੰਜਾਬ ਵਿਧਾਨ ਸਭਾ ਸਕੱਤਰੇਤ

**ਚੌਥਾ ਸਮਾਗਮ**

## 20 ਅਕਤੂਬਰ 2023

----

**ਕੁੱਲ ਪ੍ਰਸ਼ਨ - 14**

----

**ਨਾਭਾ ਜੇਲ ਦੀ ਸੁਰੱਖਿਆ ਸਬੰਧੀ**

**235 ਸ. ਗੁਰਦੇਵ ਸਿੰਘ ਦੇਵ ਮਾਨ (ਨਾਭਾ ):**

**ਮੁੱਖ ਮੰਤਰੀ :**= ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਨਾਭਾ ਜੇਲ ਵਿੱਚ ਨਸ਼ੇ ਅਤੇ ਮੋਬਾਇਲਾਂ ਦੀ ਵਰਤੋਂ ਰੋਕਣ ਲਈ ਨਾਭਾ ਜੇਲ ਨੂੰ ਸੁਰੱਖਿਆ ਦੇ ਪੱਖ ਤੋਂ ਹਾਈਟੈਕ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ, ਜੇਕਰ ਹੈ ਤਾਂ ਕਦੋਂ ਤੱਕ !

----

**ਹਲਕਾ ਮੌੜ ਲਈ ਖੇਡ ਅਕੈਡਮੀ/ਟ੍ਰੇਨਿੰਗ ਸੈਂਟਰ ਬਣਾਉਣਾ**

**257 ਸ. ਸੁਖਵੀਰ ਸਿੰਘ ਮਾਇਸਰਖਾਨਾ (ਮੌੜ):**

**ਜਲ ਸਰੋਤ, ਖਾਣਾਂ ਅਤੇ ਭੂ-ਵਿਗਿਆਨ, ਵਿਗਿਆਨ, ਤਕਨਾਲੋਜੀ ਅਤੇ ਵਾਤਾਵਰਣ ਵਿਭਾਗ, ਖੇਡਾਂ ਅਤੇ ਯੁਵਕ ਸੇਵਾਵਾਂ ਵਿਭਾਗ, ਭੂਮੀ ਅਤੇ ਪਾਣੀ ਦੀ ਸੰਭਾਲ :**= ਕੀ ਖੇਡਾਂ ਅਤੇ ਯੁਵਕ ਸੇਵਾਵਾਂ ਮੰਤਰੀ ਕਿਰਪਾ ਕਰਕੇ ਦਸੱਣਗੇ ਕਿ ਕੀ ਹਲਕਾ ਮੋੜ ਲਈ ਖੇਡ ਅਕੈਡਮੀ/ਟ੍ਰੇਨਿੰਗ ਸੈਂਟਰ ਬਣਾਉਣ ਦੀ ਸਰਕਾਰ ਦੀ ਕੋਈ ਤਜਵੀਜ਼ ਹੈ, ਜੇਕਰ ਅਜਿਹਾ ਹੋਵੇ ਤਾਂ ਇਸ ਦੇ ਵੇਰਵੇ ਕੀ ਹਨ?

----

**ਮੌੜ ਹਲਕੇ ਲਈ ਡਿਗਰੀ ਕਾਲਜ ਖੋਲ੍ਹਣਾ**

**258 ਸ. ਸੁਖਵੀਰ ਸਿੰਘ ਮਾਇਸਰਖਾਨਾ (ਮੌੜ):**

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ, ਉੱਚ ਸਿੱਖਿਆ, ਸਕੂਲ ਸਿੱਖਿਆ :**= ਕੀ ਉਚੇਰੀ

ਸਿੱਖਿਆ ਮੰਤਰੀ ਕਿਰਪਾ ਕਰਕੇ ਦਸੱਣਗੇ ਕਿ ਕੀ ਮੌੜ ਹਲਕੇ ਲਈ ਡਿਗਰੀ ਕਾਲਜ ਖੋਲ੍ਹਣ ਦੀ ਸਰਕਾਰ ਦੀ ਕੋਈ ਯੋਜਨਾ ਹੈ, ਜੇਕਰ ਹਾਂ ਤਾਂ ਵੇਰਵੇ ਦੱਸੇ ਜਾਣ।

----

**ਰੂਪਨਗਰ ਸ਼ਹਿਰ ਵਿੱਖੇ ਸੀਨੀਅਰ ਸਿਟੀਜਨ ਕੰਪਲੈਕਸ ਬਣਾਉਣਾ**

**265 ਸ਼੍ਰੀ ਦਿਨੇਸ਼ ਕੁਮਾਰ ਚੱਢਾ (ਰੂਪਨਗਰ):**

**ਸਮਾਜਿਕ ਨਿਆਂ, ਸਸ਼ਕਤੀਕਰਨ ਅਤੇ ਘੱਟ ਗਿਣਤੀਆਂ, ਸਮਾਜਿਕ, ਸੁਰੱਖਿਆ, ਮਹਿਲਾ ਅਤੇ ਬਾਲ ਵਿਕਾਸ :=** ਕੀ ਸਮਾਜਿਕ ਸੁਰੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰੂਪਨਗਰ ਸ਼ਹਿਰ ਵਿੱਚ ਸੀਨੀਅਰ ਸਿਟੀਜਨ ਕੰਪਲੈਕਸ ਬਣਾਉਣ ਲਈ ਪਲਾਟ ਅਤੇ ਫੰਡਾਂ ਦੀ ਐਲੋਕੇਸ਼ਨ ਹੋਣ ਉਪਰੰਤ ਹੁਣ ਕੀ ਕਦਮ ਚੁੱਕੇ ਜਾ ਰਹੇ ਹਨ ਅਤੇ ਇਹ ਸੀਨੀਅਰ ਸਿਟੀਜਨ ਕੰਪਲੈਕਸ ਕਦੋਂ ਤੱਕ ਬਣਨ ਦੀ ਸੰਭਾਵਨਾ ਹੈ ?

----

**ਗੁਰੂ ਗੋਬਿੰਦ ਸਿੰਘ ਸੁੱਪਰ ਥਰਮਲ ਪਲਾਟ ਰੂਪਨਗਰ ਵਿਖੇ 800 ਮੈਗਾਵਾਟ ਦੇ ਯੂਨਿਟ ਲਗਾਉਣਾ**

**266 ਸ਼੍ਰੀ ਦਿਨੇਸ਼ ਕੁਮਾਰ ਚੱਢਾ (ਰੂਪਨਗਰ):**

**ਲੋਕ ਨਿਰਮਾਣ, ਬਿਜਲੀ :=** ਕੀ ਬਿਜਲੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਗੁਰੂ ਗੋਬਿੰਦ ਸਿੰਘ ਸੁੱਪਰ ਥਰਮਲ ਪਲਾਟ ਰੂਪਨਗਰ ਵਿਖੇ 800 ਮੈਗਾਵਾਟ ਦੇ ਯੂਨਿਟ ਲਗਾਉਣ ਲਈ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਤਾਂ ਕਦੋਂ ਤੱਕ ?

----

**ਅਧਿਆਪਕ ਯੋਗਤਾ ਟੈਸਟ ਵਿੱਚ ਅਯੋਗ ਕਰਾਰ ਕੀਤੇ ਉਮੀਦਵਾਰਾਂ ਤੇ ਕੋਰਟ ਦਾ ਫੈਸਲਾ ਲਾਗੂ ਕਰਨਾ**

**272 ਸ਼੍ਰੀ ਦਿਨੇਸ਼ ਕੁਮਾਰ ਚੱਢਾ (ਰੂਪਨਗਰ):**

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ, ਉੱਚ ਸਿੱਖਿਆ, ਸਕੂਲ ਸਿੱਖਿਆ :=**

ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਅਧਿਆਪਕ ਯੋਗਤਾ ਟੈਸਟ (PSEET) 2014 ਵਿੱਚ ਆਯੋਗ ਕਰਾਰ ਦਿੱਤੇ ਜਿਹਨਾਂ ਉਮੀਦਵਾਰਾਂ ਨੂੰ 12 ਫਰਵਰੀ, 2018 ਨੂੰ ਨਤੀਜਾ ਰਿਵਾਈਜ਼ ਕਰਕੇ ਯੋਗ ਕਰਾਰ ਦੇ ਦਿੱਤਾ ਗਿਆ ਸੀ, ਉਹਨਾਂ ਉੱਤੇ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਚੰਡੀਗੜ੍ਹ ਵੱਲੋ ਸਿਵਲ ਰਿੱਟ ਪਟੀਸ਼ਨ ਨੰ: 13934/2020 ਵਿੱਚ 27.11.2020 ਨੂੰ ਦਿੱਤੇ ਗਏ ਫੈਸਲੇ ਨੂੰ ਹੁਣ ਤੱਕ ਲਾਗੂ ਨਹੀਂ ਕੀਤਾ ਗਿਆ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਫੈਸਲੇ ਨੂੰ ਲਾਗੂ ਕਰਨ ਲਈ ਸਰਕਾਰ ਵੱਲੋਂ ਕੀ ਕਦਮ ਚੁੱਕੇ ਜਾ ਰਹੇ ਹਨ ?

----

**ਰੋਪੜ ਜ਼ਿਲ੍ਹੇ ਵਿੱਚ ਜੀਰੋ ਬਿਜਲੀ ਬਿੱਲ ਦਾ ਲਾਭ ਲੈਣ ਵਾਲੇ ਉਪਭੋਗਤਾਵਾਂ ਦੀ ਗਿਣਤੀ**

**273 ਸ਼੍ਰੀ ਦਿਨੇਸ਼ ਕੁਮਾਰ ਚੱਢਾ (ਰੂਪਨਗਰ):**

**ਲੋਕ ਨਿਰਮਾਣ, ਬਿਜਲੀ :=** ਕੀ ਬਿਜਲੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰੋਪੜ ਜ਼ਿਲ੍ਹੇ ਵਿੱਚ ਬਲਾਕ ਵਾਈਜ਼ ਅਤੇ ਸ਼ਹਿਰ ਵਾਈਜ਼ ਕਿੰਨੇ-ਕਿੰਨੇ ਉਪਭੋਗਤਾਵਾਂ ਨੂੰ ਜੀਰੋ ਬਿਜਲੀ ਬਿੱਲ ਦਾ ਲਾਭ ਮਿਲਿਆ ਹੈ ?

----

### ਐਨ.ਓ.ਸੀ. ਅਤੇ ਨਕਸ਼ੇ ਪਾਸ ਕਰਾਉਣ ਵਿੱਚ ਆਓਂਦੀਆਂ ਮੁਸ਼ਕਲਾਂ ਦਾ ਹੱਲ ਕਰਨਾ ।

**281 ਸ. ਦਲਬੀਰ ਸਿੰਘ ਟੌਂਗ (ਬਾਬਾ ਬਕਾਲਾ):**

**ਸਥਾਨਕ ਸਰਕਾਰਾਂ, ਸੰਸਦੀ ਮਾਮਲੇ :=**ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :- ੳ) ਕੀ ਇਹ ਠੀਕ ਹੈ ਕਿ ਐਨ.ਓ.ਸੀ. ਅਤੇ ਨਕਸੇ ਪਾਸ ਕਰਨ ਲਈ ਪਹਿਲਾ ਐਸ.ਓ., ਫਿਰ ਈ.ਓ, ਫਿਰ ਏ.ਡੀ.ਸੀ. ਦੇ ਅਕਾਊਂਟ ਵਿੱਚ ਅਪਰੂਵਲ ਹੁੰਦੀ ਹੈ ਅਤੇ ਜਿਸਦੀ ਆਈ.ਡੀ. ਵਿੱਚ ਵੀ ਇਹ ਐਨ.ਓ.ਸੀ. ਅਤੇ ਨਕਸ਼ੇ ਜਾਂਦੇ ਹਨ, ਕਈ ਕਈ ਦਿਨ ਉਹਨਾਂ ਦੇ ਅਕਾਊਟ ਵਿੱਚ ਅਪਰੂਵਲ ਲਈ ਇਹ ਡਾਕਮੈਂਟ ਪਏ ਰਹਿੰਦੇ ਹਨ ਅਤੇ ਜੇਕਰ ਕਈ ਦਿਨਾਂ ਬਾਅਦ ਇਹ ਆਪਣੀ ਆਈ.ਡੀ. ਖੋਲਦੇ ਵੀ ਹਨ ਤਾਂ ਇਹ ਤੁਰੰਤ ਆਮ ਲੋਕਾਂ ਦੀ ਐਨ.ਓ.ਸੀ. ਅਤੇ ਨਕਸ਼ੇ ਛੋਟੀਆਂ ਛੋਟੀਆਂ ਗੱਲਾਂ ਕਰਕੇ ਫਿਰ ਰੱਦ ਕਰਕੇ ਵਾਪਸ ਭੇਜ ਦਿੰਦੇ ਹਨ; ਜਿਸ ਕਾਰਨ ਆਮ ਲੋਕਾਂ ਨੂੰ ਬਹੁਤ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ; ਅ) ਜੇਕਰ ਅਜਿਹਾ ਹੈ ਤਾਂ ਇਸ ਸਮੱਸਿਆ ਦਾ ਹੱਲ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ?

----

### ਹਲਕਾ ਦਸੂਹਾ ਦੀ ਡਵੀਜ਼ਨ ਤਲਵਾੜਾ ਵਿੱਚ ਨਵੀਆਂ ਬਣੀਆਂ ਅਤੇ ਰਿਪੇਅਰ ਕੀਤੀਆਂ ਸੜਕਾਂ ਦੇ ਵੇਰਵੇ

**282 ਸ. ਕਰਮਬੀਰ ਸਿੰਘ (ਦਸੂਹਾ):**

**ਲੋਕ ਨਿਰਮਾਣ, ਬਿਜਲੀ :=**

ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਹਲਕਾ ਦਸੂਹਾ ਦੇ ਡਵੀਜ਼ਨ ਤਲਵਾੜਾ ਦੇ ਵਿੱਚ ਸਾਲ 2017 ਤੋਂ ਅੱਜ ਤੱਕ ਕਿੰਨੀਆਂ ਸੜਕਾਂ (PWD) ਮਹਿਕਮੇ ਵੱਲੋਂ ਪਾਸ ਕੀਤੀਆਂ ਹਨ, ਕਿੰਨੀਆਂ ਅਤੇ ਕਿਹੜੀਆਂ ਸੜਕਾਂ ਦੀ ਰਿਪੇਅਰ ਹੋਈ ਹੈ ਅਤੇ ਹੁਣ ਕਿੰਨੀਆਂ ਸੜਕਾਂ ਦੀ ਰਿਪੇਅਰ ਪੈਂਡਿੰਗ ਹੈ ਅਤੇ ਪੈਂਡਿੰਗ ਰਿਪੇਅਰ ਕਦੋਂ ਕਰ ਦਿੱਤੀ ਜਾਵੇ;

ਅ) ਸਾਲ 2017 ਤੋਂ 2022 ਤੱਕ ਨਵੀਆਂ ਬਣੀਆਂ ਸੜਕਾਂ ਦੀ ਲਿਸਟ ਦਿੱਤੀ ਜਾਵੇ ?

----

### ਦਸੂਹਾ ਦੇ ਪਿੰਡ ਰੰਧਾਵਾ ਦੇ ਲੋਕਾਂ ਨੂੰ ਸਾਫ਼ ਅਤੇ ਪੀਣ ਯੋਗ ਪਾਣੀ ਮੁਹੱਈਆ ਕਰਵਾਉਣਾ

**283 ਸ. ਕਰਮਬੀਰ ਸਿੰਘ (ਦਸੂਹਾ):**

**ਜਲ ਸਰੋਤ, ਖਾਣਾਂ ਅਤੇ ਭੂ-ਵਿਗਿਆਨ, ਵਿਗਿਆਨ, ਤਕਨਾਲੋਜੀ ਅਤੇ ਵਾਤਾਵਰਣ ਵਿਭਾਗ, ਖੇਡਾਂ ਅਤੇ ਯੁਵਕ ਸੇਵਾਵਾਂ ਵਿਭਾਗ, ਭੂਮੀ ਅਤੇ ਪਾਣੀ ਦੀ ਸੰਭਾਲ :=** ਕੀ ਵਾਤਾਵਰਣ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਦਸੂਹਾ ਦੇ ਪਿੰਡ ਰੰਧਾਵਾ ਵਿੱਚ ਜੋ ਸ਼ਰਾਬ ਦੀ ਫੈਕਟਰੀ ਹੈ ਉਸ ਦੇ ਦੂਸ਼ਿਤ ਪਾਣੀ ਨਾਲ ਆਲੇ-ਦੁਆਲੇ ਦੇ ਪਿੰਡਾਂ ਦਾ ਪਾਣੀ ਪੀਣ ਯੋਗ ਅਤੇ ਵਰਤੋਂ ਯੋਗ ਨਹੀਂ ਰਿਹਾ; ਜੇਕਰ ਅਜਿਹਾ ਹੈ ਤਾਂ ਕੀ ਸਰਕਾਰ ਫੈਕਟਰੀ ਪ੍ਰਬੰਧਕਾਂ ਨੂੰ ਕੋਈ ਉਪਰਾਲੇ ਕਰਨ ਦੀ ਹਦਾਇਤ ਕਰੇਗੀ ਕਿ ਉਹ ਪਾਣੀ ਨੂੰ ਸਾਫ਼ ਕਰਕੇ ਲੋਕਾਂ ਤੱਕ ਮੁਹੱਈਆ ਕਰਵਾਏ ?

----

## ਮੋਗਾ ਤੋਂ ਬਾਘਾ ਪੁਰਾਣਾ ਟੋਲ ਪਲਾਜਾ ਬੰਦ ਕਰਨਾ

284 **ਸ. ਅੰਮ੍ਰਿਤਪਾਲ ਸਿੰਘ ਸੁੱਖਾਨੰਦ (ਬਾਘਾ ਪੁਰਾਣਾ):**

**ਲੋਕ ਨਿਰਮਾਣ, ਬਿਜਲੀ :=** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਮੋਗਾ ਤੋਂ ਬਾਘਾ ਪੁਰਾਣਾ ਟੋਲ ਪਲਾਜਾ ਬੰਦ ਕੀਤਾ ਜਾ ਰਿਹਾ ਹੈ; ਜੇਕਰ ਅਜਿਹਾ ਹੈ ਤਾਂ ਕਦੋਂ ਤੱਕ ਹੈ?

----

## ਹਲਕਾ ਬਲਾਚੌਰ ਵਿਖੇ ਵੇਰਕਾ ਮਿਲਕ ਪਲਾਂਟ ਲਗਾਉਣਾ

285 **ਸ਼੍ਰੀਮਤੀ ਸੰਤੋਸ਼ ਕੁਮਾਰੀ ਕਟਾਰੀਆ (ਬਲਾਚੌਰ):**

**ਮੁੱਖ ਮੰਤਰੀ :=**

ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਵਿਧਾਨ ਸਭਾ ਹਲਕਾ ਬਲਾਚੌਰ ਵਿਖੇ ਵੇਰਕਾ ਮਿਲਕ ਪਲਾਂਟ ਲਗਾਉਣ ਦੀ ਸਰਕਾਰ ਦੀ ਕੋਈ ਯੋਜਨਾ ਹੈ; ਜੇਕਰ ਹਾਂ ਤਾਂ ਇਹ ਕਦੋਂ ਤੱਕ ਲਗਾ ਦਿੱਤਾ ਜਾਵੇਗਾ ?

----

## ਅੰਮ੍ਰਿਤਸਰ ਕੇਂਦਰੀ ਹਲਕੇ ਵਿੱਚ ਪਾਣੀ ਅਤੇ ਸੀਵਰੇਜ਼ ਪ੍ਰਣਾਲੀ ਦਾ ਸੁਧਾਰ ਕਰਨਾ

286 **ਸ਼੍ਰੀ ਅਜੈ ਗੁਪਤਾ (ਅੰਮ੍ਰਿਤਸਰ ਕੇਂਦਰੀ):**

**ਸਥਾਨਕ ਸਰਕਾਰਾਂ, ਸੰਸਦੀ ਮਾਮਲੇ :=** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਅੰਮ੍ਰਿਤਸਰ ਕੇਂਦਰੀ ਹਲਕੇ ਵਿੱਚ ਪਾਣੀ ਅਤੇ ਸੀਵਰੇਜ਼ ਪ੍ਰਣਾਲੀ ਜੋ ਕਿ ਖਰਾਬ ਹਾਲਤ ਵਿੱਚ ਹੈ, ਦਾ ਸੁਧਾਰ ਕਦੋਂ ਤੱਕ ਕਰ ਦਿੱਤਾ ਜਾਵੇਗਾ ?

----

## ਮੌੜ ਮੰਡੀ ਵਿਖੇ ਨਵਾਂ ਐਸ.ਟੀ.ਪੀ. ਲਗਾਉਣ ਅਤੇ ਪੁਰਾਣੇ ਐਸ.ਟੀ.ਪੀ. ਦੀ ਰਿਪੇਅਰ ਕਰਨਾ

287 **ਸ. ਸੁਖਵੀਰ ਸਿੰਘ ਮਾਇਸਰਖਾਨਾ (ਮੌੜ):**

**ਸਥਾਨਕ ਸਰਕਾਰਾਂ, ਸੰਸਦੀ ਮਾਮਲੇ :=**

ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਮੌੜ ਮੰਡੀ ਵਿਖੇ ਨਵਾਂ ਐਸ.ਟੀ.ਪੀ. ਲਗਾਉਣ ਅਤੇ ਪੁਰਾਣੇ ਐਸ.ਟੀ.ਪੀ. ਦੀ ਰਿਪੇਅਰ ਕਰਨ ਦੀ ਕੋਈ ਤਜ਼ਵੀਜ ਹੈ; ਜੇਕਰ ਹਾਂ ਤਾਂ ਕਦੋਂ ਤੱਕ ਕੰਮ ਸ਼ੁਰੂ ਹੋ ਜਾਵੇਗਾ ?

----

**ਚੰਡੀਗੜ੍ਹ.** **ਰਾਮ ਲੋਕ ਖਟਾਣਾ,**

**ਮਿਤੀ 19 ਅਕਤੂਬਰ, 2023.** **ਸਕੱਤਰ**